
## ਪਾਠ-7
## ਬਾਲ-ਖੇਡਾਂ (ਲੇਖਕ-ਮਨਮੋਹਨ ਸਿੰਘ ਦਾਊਂ)

### 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਰਲ਼-ਮਿਲ਼ ਕੇ ਭੋਲ਼ੇ-ਭਾਲ਼ੇ ਬੱਚੇ ਕੀ ਕਰਦੇ ਹਨ?**

ਉੱਤਰ : ਰਲ਼-ਮਿਲ਼ ਕੇ ਭੋਲ਼ੇ-ਭਾਲ਼ੇ ਬੱਚੇ ਖੇਡਾਂ ਖੇਡਦੇ ਹਨ।

**ਪ੍ਰਸ਼ਨ ਅ. 'ਬਾਲ-ਖੇਡਾਂ' ਕਵਿਤਾ ਵਿੱਚ ਕਿਹੜੀਆਂ-ਕਿਹੜੀਆਂ ਖੇਡਾਂ ਦਾ ਜ਼ਿਕਰ ਆਇਆ ਹੈ?**

ਉੱਤਰ : 'ਬਾਲ-ਖੇਡਾਂ' ਕਵਿਤਾ ਵਿੱਚ ਲੁਕਣ-ਮੀਚੀ, ਕੋਟਲ਼ਾ-ਛਪਾਕੀ, ਕੂਕਾਂ-ਕਾਂਗੜੇ, ਕਬੱਡੀ, ਪਿੱਠੂ, ਅੰਨ੍ਹਾ ਝੋਟਾ, ਪੀਚੋ, ਲੂਣ-ਮਧਾਣੀ, ਭੰਡਾ-ਭੰਡਾਰੀਆ, ਰੱਸੀ-ਟੱਪਾ, ਗੀਟੇ ਖੇਡਣਾ ਆਦਿ ਖੇਡਾਂ ਦਾ ਜ਼ਿਕਰ ਆਇਆ ਹੈ।

**ਪ੍ਰਸ਼ਨ ੲ. ਕਵਿਤਾ ਅਨੁਸਾਰ ਕੁੜੀਆਂ ਕਿਹੜੀਆਂ ਬਾਲ-ਖੇਡਾਂ ਖੇਡਦੀਆਂ ਹਨ?**

ਉੱਤਰ : ਕਵਿਤਾ ਅਨੁਸਾਰ ਕੁੜੀਆਂ ਰੱਸੀ-ਟੱਪਾ ਤੇ ਗੀਟੇ ਖੇਡਦੀਆਂ ਹਨ।

**ਪ੍ਰਸ਼ਨ ਸ. ਕਵੀ ਆਪਣੇ ਬਚਪਨ ਨੂੰ ਕਿਉਂ ਯਾਦ ਕਰਦਾ ਹੈ?**

ਉੱਤਰ : ਕਵੀ ਬਚਪਨ ਵਿੱਚ ਸਾਰਾ ਦਿਨ ਖੇਡਾਂ ਖੇਡਣ ਅਤੇ ਮਰਜ਼ੀ ਦੇ ਮਾਲਕ ਹੋਣ ਕਰਕੇ ਉਸ ਸਮੇਂ ਨੂੰ ਯਾਦ ਕਰਦਾ ਹੈ।

### 2. ਹੇਠ ਲਿਖੀਆਂ ਕਾਵਿ-ਸਤਰਾਂ ਪੂਰੀਆਂ ਕਰੋ।



**ੳ. ਨੱਚਣ-ਟੱਪਣ, ਮਾਰਨ ਤਾੜੀ**
ਬਣ ਜਾਂਦੇ ਝੱਟ ਪੱਕੇ ਆੜੀ।

**ਅ. ਇੱਕ-ਦੂਜੇ ਨੂੰ ਹਾਕਾਂ ਮਾਰਨ**
ਸਾਥ ਮੜਿੱਕ ਕੇ ਦਾਈ ਤਾਰਨ।

### 3. ਨਿਮਨ-ਲਿਖਤ ਕਾਵਿ-ਸਤਰਾਂ ਦੀ ਵਿਆਖਿਆ ਕਰੋ :-

**ਕਦੇ ਪਿੱਠੂ ਦੀ ਖੇਡ ਰਚਾਵਣ,**
**ਗੇਂਦ ਮਾਰ ਕੇ ਪਿੱਠੂ ਢਾਵਣ।**
**ਅੰਨ੍ਹਾ ਝੋਟਾ ਬਣ-ਬਣ ਭੱਜਣ,**
**ਪੀਚੋ ਖੇਡ ਕੇ ਕਦੇ ਨਾ ਰੱਜਣ।**

**ਵਿਆਖਿਆ :** ਬਚਪਨ ਵਿੱਚ ਉਹ ਕਦੇ ਪਿੱਠੂ ਦੀ ਖੇਡ ਖੇਡਦੇ ਤੇ ਗੇਂਦ ਮਾਰ ਕੇ ਪਿੱਠੂ ਨੂੰ ਢਾਹ ਦਿੰਦੇ ਸਨ। ਉਹ ਅੰਨ੍ਹਾ ਝੋਟਾ ਬਣ ਕੇ ਭੱਜਦੇ ਅਤੇ ਪੀਚੋ ਖੇਡਦੇ ਕਦੇ ਵੀ ਰੱਜਦੇ ਨਹੀਂ ਸਨ।

### 4. ਔਖੇ ਸ਼ਬਦਾਂ ਦੇ ਅਰਥ ਦੱਸੋ :-

| | | |
|---|---|---|
| ਹੇਕ | : | ਗਾਉਣ ਵੇਲ਼ੇ ਕੱਢੀ ਉੱਚੀ ਤੇ ਲੰਮੀ ਅਵਾਜ਼, ਲੰਮੀ ਸੁਰ |
| ਝੱਟ | : | ਤੁਰੰਤ |
| ਆੜੀ | : | ਦੋਸਤ |
| ਹਾਕਾਂ | : | ਅਵਾਜ਼ਾਂ |
| ਦਾਈ | : | ਵਾਰੀ |
| ਮੜਿੱਕਣਾ | : | ਕਿਸੇ ਖੇਡ ਵਿੱਚ ਹਾਣੀਆਂ ਦੀ ਵੰਡ ਕਰਨ ਲਈ ਆਪਣਾ ਫ਼ਰਜ਼ੀ ਨਾਂ ਰੱਖਣਾ |
| ਨਿਆਰੀ | : | ਵੱਖਰੀ |
| ਬੋਝ | : | ਭਾਰ |
| ਵਿਹੜਾ | : | ਘਰ ਵਿੱਚ ਖੁੱਲ੍ਹੀ ਥਾਂ |
| ਬਾਲਕ | : | ਬੱਚਾ |

| | | |
|---|---|---|
| ਚੇਤੇ | : | ਯਾਦ |
| ਨਜ਼ਾਰਾ | : | ਦ੍ਰਿਸ਼ |

## 5. ਮਿਲਾਣ ਕਰੋ :-

| | | |
|---|---|---|
| ਲੁਕਣ-ਮੀਟੀ | : | ਢਾਵਣ |
| ਪਿੱਠੂ | : | ਨੱਸਣ |
| ਭੰਡਾ-ਭੰਡਾਰੀਆ | : | ਕੁੜੀਆਂ |
| ਰੱਸੀ-ਟੱਪਾ | : | ਬੋਝ |

## 6. ਸਮਾਨਾਰਥੀ ਸ਼ਬਦ :

ਬੱਚੇ : ਨਿਆਣੇ, ਬਾਲ, ਜਾਤਕ, ਸ਼ਿਸ਼ੂ
ਆੜੀ : ਦੋਸਤ, ਮਿੱਤਰ, ਬੇਲੀ
ਨੱਸਣ : ਭੱਜਣ, ਦੌੜਨ
ਧਰਤੀ : ਭੌਂ, ਜ਼ਮੀਨ, ਧਰਾਤਲ
ਲੱਭਣ : ਭਾਲ਼ਨ, ਖੋਜਣ, ਢੂੰਡਣ
ਸ਼ਾਮ : ਆਥਣ, ਤਕਾਲ਼ਾਂ, ਸੰਝ